ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ
ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਸਮੂਹ ਸਬ-ਡਵੀਜ਼ਨਲ ਮੈਜਿਸਟ੍ਰੇਟ (ਸਿਵਲ)।

ਵਿਸ਼ਾ:- ਜਨਰਲ ਕੈਟਾਗਰੀ ਦੇ ਸੀਨੀਅਰ ਕਰਮਚਾਰੀ ਦੀ ਰਿਜ਼ਰਵ ਕੈਟਾਗਰੀ ਦੇ ਜੂਨੀਅਰ ਕਰਮਚਾਰੀ ਦੇ ਬਰਾਬਰ ਤਨਖਾਹ ਸਟੈਪ-ਅੱਪ ਕਰਕੇ ਅਨਾਮਲੀ ਦੂਰ ਕਰਨ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਦਾ ਧਿਆਨ ਰਾਜ ਸਰਕਾਰ ਦੇ ਜਾਰੀ ਪੱਤਰ ਨੰ: 4/40/13-3ਪੀ.ਪੀ1/855, ਮਿਤੀ 10 ਅਕਤੂਬਰ, 2014 (ਜੋ ਕਿ ਅਜੀਤ ਸਿੰਘ ਜੰਜੂਆ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਨੂੰ ਲਾਗੂ ਕਰਨ ਹਿਤ ਜਾਰੀ ਕੀਤੀ ਪੱਤਰ ਨੰ: 3/34/99-3ਪੀ.ਪੀ 1/12565, ਮਿਤੀ 22 ਅਕਤੂਬਰ, 1999 ਦੀ ਲਗਾਤਾਰਤਾ ਵਿੱਚ ਜਾਰੀ ਕੀਤਾ ਗਿਆ ਸੀ), ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਸਪੱਸ਼ਟੀਕਰਨ ਜਾਰੀ ਕੀਤਾ ਗਿਆ ਸੀ ਕਿ ਰਾਖਵੇਂਕਰਨ ਦੀ ਨੀਤੀ ਤਹਿਤ ਬਰਕਰਾਰ ਰੱਖੇ ਜਾਂਦੇ ਰੋਸਟਰ ਰਜਿਸਟਰ ਦਾ ਮਕਸਦ ਕੇਵਲ ਰਾਖਵੀਆਂ ਸੀਟਾਂ ਨੂੰ ਪੋਸਟ ਕਰ ਦੇਣਾ ਹੈ। ਇਨ੍ਹਾਂ ਰੋਸਟਰ ਨੁਕਤਿਆਂ ਦੇ ਆਧਾਰ ਤੇ ਰਿਜ਼ਰਵ ਕੈਟਾਗਰੀ ਦੇ ਕਰਮਚਾਰੀਆਂ ਨੂੰ ਦਿੱਤੀਆਂ ਪਦ-ਉੱਨਤੀਆਂ ਦੇ ਕਾਰਨ ਜਨਰਲ ਕੈਟਾਗਰੀ ਦੇ ਕਰਮਚਾਰੀਆਂ ਦੀ ਸੀਨੀਆਰਤਾ ਤੇ ਕੋਈ ਅਸਰ ਨਹੀਂ ਪੈਂਦਾ ਹੈ।

2. ਕੁੱਝ ਵਿਭਾਗਾਂ ਵੱਲੋਂ ਪ੍ਰਸੋਨਲ ਵਿਭਾਗ ਨੂੰ ਮਾਮਲਾ ਰੈਫਰ ਕਰਕੇ ਇਹ ਸਪੱਸ਼ਟੀਕਰਨ ਮੰਗਿਆ ਜਾ ਰਿਹਾ ਹੈ ਕਿ ਉਪਰੋਕਤ ਪੱਤਰ ਮਿਤੀ 10 ਅਕਤੂਬਰ, 2014 ਦੇ ਸਨਮੁੱਖ ਸੀਨੀਆਰਤਾ ਸੂਚੀਆਂ ਰੀ-ਕਾਸਟ ਕਰਨ ਉਪਰੰਤ ਜਿਹੜੇ ਜਨਰਲ ਕੈਟਾਗਰੀ ਦੇ ਕਰਮਚਾਰੀ ਸੀਨੀਆਰਤਾ ਵਿੱਚ ਰਿਜ਼ਰਵ ਕੈਟਾਗਰੀ ਦੇ ਕਰਮਚਾਰੀਆਂ ਨਾਲੋਂ ਸੀਨੀਅਰ ਹੋ ਗਏ ਹਨ, ਕੀ ਉਨ੍ਹਾਂ ਜਨਰਲ ਕੈਟਾਗਰੀ ਦੇ ਕਰਮਚਾਰੀਆਂ ਦੀ ਤਨਖਾਹ ਰਿਜ਼ਰਵ ਕੈਟਾਗਰੀ ਦੇ ਜੂਨੀਅਰ ਕਰਮਚਾਰੀ ਦੇ ਬਰਾਬਰ ਸਟੈਪ-ਅੱਪ ਕੀਤੀ ਜਾ ਸਕਦੀ ਹੈ?

3. ਮਾਮਲੇ ਨੂੰ ਗਹੁ ਨਾਲ ਵਿਚਾਰਨ ਉਪਰੰਤ ਸਰਕਾਰ ਵੱਲੋਂ ਪ੍ਰਸੋਨਲ ਵਿਭਾਗ ਦੇ ਉਪਰੋਕਤ ਪੱਤਰ ਮਿਤੀ 10 ਅਕਤੂਬਰ, 2014 (ਜਿਸ ਰਾਹੀਂ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਨਾ ਮੰਨਣ ਬਾਰੇ ਸਪੱਸ਼ਟੀਕਰਨ ਦਿੱਤਾ ਸੀ) ਦੇ ਸਨਮੁੱਖ ਵਿਭਾਗਾਂ ਵੱਲੋਂ ਤਿਆਰ ਕੀਤੀਆਂ ਸੀਨੀਆਰਤਾ ਸੂਚੀਆਂ ਅਨੁਸਾਰ ਜਨਰਲ ਕੈਟਾਗਰੀ ਦੇ ਸੀਨੀਅਰ ਕਰਮਚਾਰੀਆਂ ਨੂੰ, ਉਨ੍ਹਾਂ ਦੇ ਰਿਜ਼ਰਵ ਕੈਟਾਗਰੀ ਦੇ ਜੂਨੀਅਰ ਕਰਮਚਾਰੀ ਜੋ ਕਿ ਜਨਰਲ ਕੈਟਾਗਰੀ ਦੇ ਕਰਮਚਾਰੀਆਂ ਤੋਂ ਪਹਿਲਾਂ ਪਦ-ਉੱਨਤ ਹੋਏ ਸਨ, ਦੇ ਬਰਾਬਰ ਤਨਖਾਹ ਸਟੈਪ-ਅੱਪ ਕਰਨ ਦਾ ਲਾਭ ਹੇਠ ਲਿਖੀਆਂ ਸ਼ਰਤਾਂ ਤਹਿਤ ਦੇਣ ਦਾ ਫੈਸਲਾ ਲਿਆ ਗਿਆ ਹੈ:-

(ੳ) ਜਨਰਲ ਕੈਟਾਗਰੀ ਦੇ ਕਰਮਚਾਰੀਆਂ ਨੂੰ ਤਨਖਾਹ ਅਤੇ ਭੱਤੇ ਉਨ੍ਹਾਂ ਦੇ ਰਿਜ਼ਰਵ ਕੈਟਾਗਰੀ ਨਾਲ ਸਬੰਧਤ ਜੂਨੀਅਰ ਕਰਮਚਾਰੀਆਂ ਦੀ ਪਦ-ਉੱਨਤੀ ਦੀ ਮਿਤੀ ਤੋਂ ਨੋਸ਼ਨਲ ਆਧਾਰ ਤੇ

ਮਿਲਣਯੋਗ ਹੋਣਗੇ,ਜਦਕਿ ਉਨ੍ਹਾਂ ਨੂੰ ਤਨਖਾਹ ਦੇ ਸਟੈਪ-ਅੱਪ ਦਾ ਅਸਲ ਲਾਭ ਸਬੰਧਤ ਕਾਡਰ ਵਿੱਚ ਉਨ੍ਹਾਂ ਦੀ ਪਦ-ਉਨਤੀ ਦੀ ਅਸਲ ਮਿਤੀ ਤੋਂ ਮਿਲਣ ਯੋਗ ਹੋਵੇਗਾ।

(ਅ) ਸਟੈਪ-ਅੱਪ ਨਾਲ ਜੇਕਰ ਜਨਰਲ ਕਰਮਚਾਰੀ ਨੂੰ 3% ਭਾਵ ਇੱਕ ਸਲਾਨਾ ਤਰੱਕੀ ਤੋਂ ਘੱਟ ਦਾ ਲਾਭ ਹੁੰਦਾ ਹੈ, ਤਾਂ ਉਸਦੀ ਸਲਾਨਾ ਤਰੱਕੀ ਪਹਿਲਾਂ ਵਾਲੀ ਹੀ ਰਹੇਗੀ ਅਤੇ ਜੇਕਰ ਉਸ ਨੂੰ ਸਟੈਪ ਅੱਪ ਕਰਨ ਨਾਲ ਇੱਕ ਸਲਾਨਾ ਤਰੱਕੀ ਤੋਂ ਜਿਆਦਾ ਦਾ ਲਾਭ ਹੁੰਦਾ ਹੈ, ਤਾਂ ਅਜਿਹੇ ਕੇਸਾਂ ਵਿੱਚ ਉਸਦੀ ਸਲਾਨਾ ਤਰੱਕੀ ਜੂਨੀਅਰ ਕਰਮਚਾਰੀ ਵਾਲੀ ਹੀ ਹੋਵੇਗੀ।

(ੲ) ਕਿਸੇ ਵੀ ਕਰਮਚਾਰੀ ਨੂੰ ਦੁਬਾਰਾ ਵੀ ਉਸੇ ਸਬੰਧਤ ਜੂਨੀਅਰ ਕਰਮਚਾਰੀ ਨਾਲ ਸਟੈਪ-ਅੱਪ ਦਾ ਲਾਭ ਮਿਲਣਯੋਗ ਹੋਵੇਗਾ, ਜਿਸ ਨਾਲ ਉਸ ਵੱਲੋਂ ਪਹਿਲਾਂ ਸਟੈਪ-ਅੱਪ ਲਿਆ ਹੋਵੇ। ਜੇਕਰ ਕਰਮਚਾਰੀ ਵੱਲੋਂ ਦੁਬਾਰਾ ਕਿਸੇ ਹੋਰ ਕਰਮਚਾਰੀ ਨਾਲ ਤਨਖਾਹ ਸਟੈਪ-ਅੱਪ ਮੰਗੀ ਜਾਂਦੀ ਹੈ, ਤਾਂ ਉਹ ਪ੍ਰਸੋਨਲ ਵਿਭਾਗ ਦੀ ਪ੍ਰਵਾਨਗੀ ਦੇ ਬਿਨ੍ਹਾਂ ਮਿਲਣਯੋਗ ਨਹੀਂ ਹੋਵੇਗੀ।

(ਸ) ਗਰੁੱਪ ਏ ਅਤੇ ਬੀ ਕੈਟਾਗਰੀ ਦੇ ਅਧਿਕਾਰੀਆਂ ਦੇ ਕੇਸਾਂ ਦਾ ਨਿਪਟਾਰਾ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਕੀਤਾ ਜਾਵੇਗਾ ਅਤੇ ਗਰੁੱਪ ਸੀ ਅਤੇ ਡੀ ਕਰਮਚਾਰੀਆਂ ਦੇ ਕੇਸਾਂ ਦਾ ਨਿਪਟਾਰਾ ਵਿਭਾਗੀ ਮੁੱਖੀ (Head of the Department) ਦੇ ਪੱਧਰ ਤੇ ਕੀਤਾ ਜਾਵੇਗਾ।

(ਹ) ਸਟੈਪ-ਅੱਪ ਦੇਣ ਲਈ ਕੇਸ ਆਪਣੇ ਵਿਭਾਗਾਂ ਵਿੱਚ ਤੈਨਾਤ ਪੀ.ਐਸ.ਏ.ਐਸ. ਕਾਡਰ ਦੇ ਅਧਿਕਾਰੀ ਜਿਵੇਂ ਕਿ ਸੈਕਸ਼ਨ ਅਫਸਰ/ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ)/ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਤੋਂ ਵੈੱਟ ਕਰਵਾਉਣ ਉਪਰੰਤ ਹੀ ਪ੍ਰਵਾਨ ਕੀਤੇ ਜਾਣਗੇ। ਜਿਹੜੇ ਵਿਭਾਗਾਂ/ਦਫਤਰਾਂ ਵਿੱਚ ਇਸ ਕਾਡਰ ਦੇ ਅਧਿਕਾਰੀ ਨਹੀਂ ਹਨ, ਉਹ ਵਿੱਤ ਵਿਭਾਗ ਦੀ ਅੰਦਰੂਨੀ ਪੜਤਾਲ ਸੰਸਥਾ (ਹੈਡ ਆਫਿਸ) ਜਾਂ ਜਿਲ੍ਹਾ ਪੱਧਰ ਦੇ ਅੰਦਰੂਨੀ ਪੜਤਾਲ ਸੰਸਥਾ ਦੇ ਦਫਤਰਾਂ ਤੋਂ ਵੈੱਟ ਕਰਵਾਉਣ ਉਪਰੰਤ ਹੀ ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨ ਕੀਤੇ ਜਾਣਗੇ।

4. ਇਹ ਪੱਤਰ ਵਿੱਤ ਵਿਭਾਗ ਵੱਲੋਂ ਆਪਣੇ ਅੰ:ਵਿ:ਪੱ:ਨੰ: 6/17/2016-1ਵਿਪ੍ਰ2/841525/1, ਮਿਤੀ 16.9.2016 ਰਾਹੀਂ ਦਿੱਤੀ ਸਹਿਮਤੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

5. ਇਹ ਪੱਤਰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਧਿਆਨ ਵਿੱਚ ਇੰਨ-ਬਿੰਨ ਪਾਲਣਾ ਹਿਤ ਲਿਆ ਦਿੱਤਾ ਜਾਵੇ।

ਵਿਸ਼ਵਾਸਪਾਤਰ,

(ਸਹੀ)

ਉਪ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਪੰਜਾਬ ਸਰਕਾਰ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਸਹੀ)

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: 8/5/2015-3ਪੀ.ਪੀ.1/ 43 ਮਿਤੀ, ਚੰਡੀਗੜ੍ਹ: 14-3-2017